# ਦਫ਼ਤਰ ਡਿਪਟੀ ਕਮਿਸ਼ਨਰ, ਪਟਿਆਲਾ

(ਫੁਟਕਲ ਸ਼ਾਖਾ)

ਸੇਵਾ ਵਿਖੇ

1) ਪ੍ਰਧਾਨ ਵਪਾਰ ਮੰਡਲ, ਪਟਿਆਲਾ
2) ਪ੍ਰਧਾਨ, ਲੀਲਾ ਭਵਨ ਮਾਰਕਿਟ, ਪਟਿਆਲਾ
3) ਪ੍ਰਧਾਨ, ਨਿਊ ਲੀਲਾ ਭਵਨ ਮਾਰਕਿਟ, ਪਟਿਆਲਾ

ਨੰਬਰ: 6988-90 /ਫੁਟਕਲ ਮਿਤੀ 03-2-2023

**ਵਿਸ਼ਾ** **ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਮਿਤੀ 5.12.2022 ਦੀ ਪਾਲਣ ਵਿੱਚ ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖਣ ਬਾਰੇ।**

ਉਪਰੋਕਤ ਵਿਸ਼ੇ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੱਤਰ ਮਿਤੀ.05.12.2022 ਦੀ ਰਾਹੀਂ ਸਮੂਹ ਸਰਕਾਰੀ, ਅਰਧ ਸਰਕਾਰ ਦਫ਼ਤਰਾਂ/ ਵਿਭਾਗਾਂ/ ਅਦਾਰਿਆਂ/ ਸੰਸਥਾਵਾਂ/ ਵਿਦਿਅਕ ਅਦਾਰਿਆ/ਬੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ **ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖਣ** ਬਾਰੇ ਮਿਤੀ 21.2.2023 ਤੱਕ ਸਮਾਂ ਦਿੱਤਾ ਹੈ।

ਇਸ ਸਬੰਧ ਵਿੱਚ ਵਧੀਕ ਡਿਪਟੀ ਕਮਿਸ਼ਨਰ ਪਟਿਆਲਾ ਜੀ ਦੀ ਪ੍ਰਧਾਨਗੀ ਹੇਠ ਮਿਤੀ.06.2.2023 ਨੂੰ ਸਵੇਰੇ 11.00 ਵਜੇ ਕਾਨਫਰੰਸ ਹਾਲ, ਬਲਾਕ-ਏ, ਡੀ.ਸੀ.ਦਫ਼ਤਰ, ਪਟਿਆਲਾ ਵਿਖੇ ਮੀਟਿੰਗ ਰੱਖੀ ਗਈ ਹੈ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ **ਮਿਤੀ.06.2.2023 ਨੂੰ ਸਵੇਰੇ 11.00 ਵਜੇ ਕਮੇਟੀ ਹਾਲ, ਬਲਾਕ-ਏ, ਡੀ.ਸੀ.ਦਫ਼ਤਰ, ਪਟਿਆਲਾ** ਵਿਖੇ ਹੋਣ ਵਾਲੀ ਮੀਟਿੰਗ ਵਿੱਚ ਖੁੱਦ ਹਾਜਰ ਹੋਣ ਦੀ ਖੇਚਲਾ ਕੀਤੀ ਜਾਵੇ।

**ਵਾ: ਡਿਪਟੀ ਕਮਿਸ਼ਨਰ,**
**ਪਟਿਆਲਾ।**

ਪਿਠ ਅੰਕਣ ਨੰਬਰ 6991-97 /ਫੁਟਕਲ ਮਿਤੀ 03-2-2023

ਉਪਰੋਕਤ ਦਾ ਉਤਾਰਾ:

1) **ਕਮਿਸ਼ਨਰ, ਨਗਰ ਨਿਗਮ, ਪਟਿਆਲਾ** ਪਾਸ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮੀਟਿੰਗ ਵਿੱਚ ਵਪਾਰ ਮੰਡਲ ਅਤੇ ਵੱਖ-ਵੱਖ ਵਪਾਰਕ, ਦੁਕਾਨਾਂ ਦੇ ਪ੍ਰਧਾਨ ਨੂੰ ਸਮੇਂ ਸਿਰ ਸ਼ਾਮਲ ਹੋਣ ਲਈ ਆਪਣੇ ਪੱਧਰ ਤੇ ਸੂਚਿਤ ਵੀ ਕੀਤਾ ਜਾਵੇ। ਇਸ ਤੋਂ ਇਲਾਵਾ ਸ਼ਹਿਰ ਵਿੱਚ ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਮਿਤੀ.21.2.2023 ਤੋਂ ਪਹਿਲਾਂ-ਪਹਿਲਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖਣ ਬਾਰੇ ਅਨਾਊਸਮੈਂਟ ਕਰਵਾਈ ਜਾਵੇ।
2) **ਸਹਾਇਕ ਕਮਿਸ਼ਨਰ ( ਐਕਸਾਇਜ਼ ਅਤੇ ਜੀ.ਐਸ.ਟੀ) ਪਟਿਆਲਾ** ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਮਿਤੀ ਅਨੁਸਾਰ ਸਬੰਧਤ ਦੁਕਾਨਾ, ਹੋਟਲ ਮਾਲਕਾਂ, ਮੈਰਿਜ ਪੈਲੇਸਾਂ ਆਦਿ ਦੇ ਪ੍ਰਧਾਨ ਨੂੰ ਮੀਟਿੰਗ ਵਿੱਚ ਹਾਜਰ ਹੋਣ ਲਈ ਪਾਬੰਦ ਕੀਤਾ ਜਾਵੇ।
3) **ਜਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ** ਨੂੰ ਲਿਖਿਆ ਜਾਂਦਾ ਹੈ ਕਿ ਉਕਤ ਮੀਟਿੰਗ ਸਬੰਧੀ ਲੋੜੀਂਦੇ ਪ੍ਰਬੰਧ ਕਰਵਾਏ ਜਾਣ।
4) **ਜਿਲ੍ਹਾ ਲੋਕ ਸੰਪਰਕ ਅਫ਼ਸਰ, ਪਟਿਆਲਾ** ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਪ੍ਰਿੰਟ, ਇਲੈਕਟ੍ਰੋਨਿਕ ਮੀਡਿਆ, ਐਫ.ਐਮ ਰੇਡਿਓ, ਕੇਵਲ ਟੀ.ਵੀ ਅਤੇ ਪ੍ਰਚਾਰ ਵੈਨ ਰਾਹੀਂ ਸਮੂਹ ਪ੍ਰਾਈਵੇਟ ਅਦਾਰਿਆਂ ਨੂੰ ਮਿਤੀ.21.2.2023 ਤੋਂ ਪਹਿਲਾਂ ਪਹਿਲਾਂ ਪੰਜਾਬੀ ਭਾਸ਼ਾ ਵਿੱਚ ਨਾਮ ਲਿਖਣ ਲਈ ਜਾਗਰੂਕ ਕੀਤਾ ਜਾਵੇ।
5) **ਜਿਲ੍ਹਾ ਨਾਜ਼ਰ, ਡੀ.ਸੀ.ਦਫ਼ਤਰ, ਪਟਿਆਲਾ** ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
6) **ਪੀ.ਏ ਟੂ ਡੀ.ਸੀ/ ਸਟੈਨੋਂ ਟੂ ਏ.ਡੀ.ਸੀ ਪਾਸ ਸੂਚਨਾਂ ਹਿੱਤ।**

**ਵਾ: ਡਿਪਟੀ ਕਮਿਸ਼ਨਰ,**
**ਪਟਿਆਲਾ।**